# PAE ਦੇ ਭਵਿੱਖ ਦੇ ਲਈ ਯੋਜਨਾਵਾਂ ਬਨਾਉਣਾ

## PAE ਦੇ ਭਵਿੱਖ ਦੇ ਲਈ ਯੋਜਨਾਵਾਂ ਬਨਾਉਣਾ

ਅਸੀਂ ਆਪਣੇ ਸ਼ਹਿਰ ਦੀ ਯੋਜਨਾ (City Plan) 2030 ਅਤੇ ਸਾਲਾਨਾ ਵਪਾਰ ਯੋਜਨਾ ਅਤੇ ਬਜਟ 2020-2021 ਦਾ ਖਰੜਾ (draft) ਤਿਆਰ ਕੀਤਾ ਹੈ ਅਤੇ ਅਸੀਂ ਚਾਹਾਂਗੇ ਕਿ ਤੁਸੀਂ ਸਾਨੂੰ ਦੱਸੋ ਕਿ ਤੁਸੀਂ ਕੀ ਸੋਚਦੇ ਹੋ।

## ਸ਼ਹਿਰੀ ਯੋਜਨਾ 2030 - ਸਾਡੇ ਭਵਿੱਖ ਦੇ ਲਈ ਸਾਡੀ ਸੋਚ

ਸਾਡੀਆਂ ਜ਼ਿੰਦਗੀਆਂ ਵਿੱਚ, ਖਾਸ ਕਰ ਕੇ 2020 ਵਿੱਚ ਇੰਨਾ ਕੁਝ ਬਦਲ ਗਿਆ ਹੈ, ਅਤੇ ਇਹ ਜ਼ਰੂਰੀ ਹੈ ਕਿ ਭਵਿੱਖ ਲਈ ਯੋਜਨਾਵਾਂ ਬਣਾਉਂਦੇ ਹੋਏ ਅਸੀਂ ਉਹਦੇ ਮੁਤਾਬਿਕ ਡਲ ਜਾਈਏ। ਨਵਾਂ ਸਿਟੀ ਪਲਾਨ 2030 ਇੱਕ ਉਤਸਾਹਜਨਕ ਸੋਚ (vision) ਤਿਆਰ ਕਰਦਾ ਹੈ ਜਿੱਥੇ ਕਿ:

- ਸਾਡੀ ਅਰਥ ਵਿਵਸਥਾ ਮਜ਼ਬੂਤ ਹੋਵੇਗੀ, ਜਿਸ ਅਧੀਨ ਸਾਡੇ ਸ਼ਹਿਰ ਵਿੱਚ ਰੋਜ਼ਗਾਰ ਦੇ ਮੌਕੇ ਹੋਣਗੇ ਅਤੇ ਸਾਡੇ ਖੇਤਰ ਵਿੱਚ ਨਿਵੇਸ਼ ਹੋਵੇਗਾ
- ਸਾਡਾ ਭਾਈਚਾਰਾ ਸੁਰੱਖਿਅਤ, ਜੁੜਿਆ ਹੋਇਆ ਅਤੇ ਕਿਰਿਆਸ਼ੀਲ ਮਹਿਸੂਸ ਕਰੇਗਾ
- ਸਾਡਾ ਵਾਤਾਵਰਣ ਅਤੇ ਵਿਰਾਸਤ ਵਿਲੱਖਣੀ ਅਤੇ ਸੁਰੱਖਿਅਤ ਕੀਤੀ ਜਾਵੇਗੀ
- ਸਾਡੀਆਂ ਥਾਵਾਂ ਦਿਲਚਸਪ, ਸਿਖਾਉਣ ਵਾਲੀਆਂ ਅਤੇ ਰਚਨਾਤਮਕਤਾ ਹੋਣਗੀਆਂ
- ਸਾਡੇ ਆਗੂਆਂ (leadership) ਦੇ ਫੈਸਲੇ ਲੈਣ ਵਿੱਚ ਆਤਮ ਵਿਸ਼ਵਾਸ ਅਤੇ ਸਪਸ਼ਟਤਾ ਹੋਵੇਗੀ

## ਸਾਲਾਨਾ ਵਪਾਰ ਯੋਜਨਾ ਅਤੇ ਬਜਟ 2020-2021

ਸਾਲਾਨਾ ਵਪਾਰ ਯੋਜਨਾ ਅਤੇ ਬਜਟ 2020-2021 ਤੁਹਾਡੇ ਲਈ, ਸਾਡੇ ਭਾਈਚਾਰੇ ਲਈ ਬਹੁਤ ਹੀ ਸ਼ਾਨਦਾਰ ਨਤੀਜੇ ਪ੍ਰਦਾਨ ਕਰਨ ਪ੍ਰਤੀ ਸਾਡੀ ਵਚਨਬੱਧਤਾ ਨੂੰ ਲਿਖਿਤ ਰੂਪ ਦਿੰਦਾ ਹੈ। ਇਹ ਤੈਅ ਕਰਦਾ ਹੈ ਕਿ ਭਾਈਚਾਰਕ ਧਨ ਕਿਸ ਤਰੀਕੇ ਨਾਲ ਓਹ ਸੇਵਾਵਾਂ ਅਤੇ ਸਹੂਲਤਾਂ ਪ੍ਰਦਾਨ ਕਰੇਗਾ ਜਿਨ੍ਹਾਂ ਨੂੰ ਤੁਸੀਂ ਰੋਜ਼ ਇਸਤਮਾਲ ਕਰਦੇ ਹੋ ਜਿਵੇਂ ਕਿ ਪੁਸਤਕ-ਘਰ (libraries); ਭਾਈਚਾਰਕ ਕੇਂਦਰ; ਪਾਰਕ ਅਤੇ ਖੇਡ ਦੇ ਮੈਦਾਨ; ਖੇਡਾਂ ਦੀਆਂ ਸਹੂਲਤਾਂ (sporting facilities); ਸੜਕਾਂ ਅਤੇ ਫੁੱਟਪਾਥ; ਅਤੇ ਕੂੜਾ ਕਰਕਟ ਅਤੇ ਰਿਸਾਈਕਲਿੰਗ।

ਇਸ ਬਜਟ ਦੇ ਖਰੜੇ (draft budget) ਵਿੱਚ ਸ਼ਾਮਿਲ ਹੈ 20 ਲੱਖ ਚਾਲੀ ਹਜ਼ਾਰ ਦਾ ਇੱਕ COVID-19 ਫੰਡ - ਜੋ ਕਿ ਸਾਡੇ ਨਿਵਾਸੀਆਂ, ਰੇਟ ਭੁਗਤਾਨ ਕਰਨ ਵਾਲਿਆਂ ਅਤੇ ਵਪਾਰਾਂ ਨੂੰ ਵਿੱਤੀ ਸਹਾਇਤਾ ਅਤੇ ਸੇਵਾਵਾਂ ਪ੍ਰਦਾਨ ਕਰ ਕੇ ਸਾਡੇ ਭਾਈਚਾਰੇ ਦੀ ਮੱਦਦ ਕਰੇਗਾ।

2020-2021 ਸਾਲਾਨਾ ਵਪਾਰ ਯੋਜਨਾ ਅਤੇ ਬਜਟ ਦੀਆਂ ਦੂਜੀਆਂ ਵਿਸ਼ੇਸ਼ਤਾਵਾਂ ਵਿੱਚ ਸ਼ਾਮਲ ਹਨ:

- ਚਾਰਲਜ਼ ਸਟੂਅਰਟ ਕੌਂਸਿਲ ਦੇ ਨਾਲ ਰੱਲ ਕੇ ਮਟੀਰੀਅਲ ਰਿਕਵਰੀ ਫਸਿਲਟੀ ਦਾ ਨਿਰਮਾਣ ਅਤੇ ਸੰਚਾਲਨ ਤਾਂ ਜੋ ਕੂੜੇ ਦੇ ਜਮੀਨ 'ਚ ਦੱਬੇ ਜਾਣ ਨੂੰ ਘਟਾਇਆ ਜਾ ਸਕੇ ਅਤੇ ਇਸ ਨਾਲ ਰੁਜ਼ਗਾਰ ਦੇ ਸਾਧਨ ਵੀ ਖੁੱਲ੍ਹਣਗੇ
- ਤੁਫਾਨਾਂ ਵਿੱਚ ਪੈਦਾ ਹੋਣ ਵਾਲੇ ਪਾਣੀ ਦਾ ਪ੍ਰਬੰਧ (stormwater management) ਤਾਂ ਜੋ ਘਰਾਂ ਅਤੇ ਵਪਾਰਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ
- ਟ੍ਰੈਫਿਕ ਪ੍ਰਬੰਧ ਸਬੰਧੀ ਸੁਧਾਰ ਤਾਂ ਜੋ ਸਾਡੇ ਪੂਰੇ ਸ਼ਹਿਰ ਅੰਦਰ ਪਹੁੰਚ ਅਤੇ ਪਾਰਕਿੰਗ ਵਿੱਚ ਸੁਧਾਰ ਹੋ ਸਕੇ
- ਸੱਤ ਖੇਡਣ ਦੇ ਮੈਦਾਨਾਂ ਵਿੱਚ ਸੁਧਾਰ (upgrade)
- ਸਾਡੇ ਸ਼ਹਿਰ ਨੂੰ ਪੇੜ ਲੱਗਾ ਕੇ ਹਰਾ ਬਣਾਉਣਾ ਅਤੇ ਸਾਡੇ ਪੇੜ-ਪੌਧਿਆਂ ਦੀਆਂ ਸ਼ਾਖਾਵਾਂ ਦੀਆਂ ਤੈਹਾਂ ਦਾ ਵੱਧਣਾ ਫੁੱਲਣਾ (increased canopy coverage), ਜਿਸ ਨਾਲ ਮਹੱਤਵਪੂਰਨ 'ਜਲਵਾਯੂ ਤਬਦੀਲੀ ਦੀਆਂ ਪਹਿਲਕਦਮੀਆਂ (climate change initiatives)' ਨੂੰ ਸਮਰਥਨ ਮਿਲ ਸਕੇ
- ਪ੍ਰੋਸਪੈਕਟ ਰੋਡ, ਕਿਲਬਰਨ ਉੱਪਰ ਸਟਰੀਟਸਕੇਪਿੰਗ (ਸੜਕ ਅਤੇ ਆਲੇ-ਦੁਆਲੇ ਦੇ ਦ੍ਰਿਸ਼ਾਂ ਨੂੰ ਖੂਬਸੂਰਤ ਬਣਾਉਣ) ਦਾ ਕੰਮ ਸ਼ੁਰੂ ਕਰਨਾ
- ਭਾਈਚਾਰਕ ਸਹੂਲਤਾਂ, ਸਪੋਰਟਿੰਗ ਕਲੱਬਾਂ ਅਤੇ ਮੈਦਾਨਾਂ ਦੇ ਵਿੱਚ ਸੁਧਾਰ ਜਿਵੇਂ ਕਿ ਰੀਜੈਂਸੀ ਪਾਰਕ ਦਾ ਵਿਕਾਸ ਅਤੇ LJ Lewis Reserve ਅਤੇ Eastern Parade Reserve ਵਿਖੇ ਸਥਿਤ ਸਹੂਲਤਾਂ ਦੇ ਵਿੱਚ ਸੁਧਾਰ

CIVIC CENTRE
163 St Vincent Street,
Port Adelaide SA 5015
PO Box 110,
Port Adelaide SA 5015

COUNCIL OFFICES
Enfield Library
1 Kensington Crescent, Enfield
Greenacres Library
2 Fosters Road, Greenacres

CONTACT
P (08) 8405 6600
E service@cityofpae.sa.gov.au
www.cityofpae.sa.gov.au

FOLLOW US
@CityofPAE

ਪ੍ਰਸਤਾਵਿਤ ਬਜਟ ਵਿੱਚ ਸ਼ਾਮਿਲ ਹੈ ਰੇਟਸ ਵਿੱਚ 1.5% ਦਾ ਵਾਧਾ, ਜੋ ਕਿ ਇੱਕ ਔਸਤ ਰੇਟਸ ਦਾ ਭੁਗਤਾਨ ਕਰਨ ਵਾਲੇ ਦੇ ਲਈ ਸਾਲਾਨਾ $16 ਵਧਣ ਦੇ ਬਰਾਬਰ ਹੈ। City of PAE ਐਡੀਲੇਡ ਦੀਆਂ ਸਭ ਤੋਂ ਘੱਟ ਰੇਟਿੰਗ ਵਾਲੀਆਂ ਮੇਟਰੋਪੋਲੀਟਨ ਕੌਂਸਿਲਾਂ ਵਿੱਚੋਂ ਇੱਕ ਬਣੀ ਰਹੇਗੀ।

**ਆਪਣੀ ਗੱਲ ਸਾਮ੍ਹਣੇ ਰੱਖੋ!**

ਸਾਡੀਆਂ ਪ੍ਰਸਤਾਵਿਤ ਯੋਜਨਾਵਾਂ ਅਤੇ ਬਜਟ ਬਾਰੇ ਅਸੀਂ ਤੁਹਾਡੇ ਵਿਚਾਰ ਸੁਣਨਾ ਚਾਹਾਂਗੇ, ਤੁਹਾਨੂੰ ਕੀ ਲੱਗਦਾ ਹੈ ਕਿ ਕਿਹੜੀ ਚੀਜ਼ ਸਾਡੇ ਭਾਈਚਾਰੇ ਨੂੰ ਮਹਾਨ ਬਣਾਉਂਦੀ ਹੈ ਅਤੇ ਤੁਹਾਡੀ ਸੋਚ ਅਨੁਸਾਰ ਸਾਨੂੰ ਕਿਸ ਚੀਜ਼ ਉੱਪਰ ਆਪਣੀਆਂ ਕੋਸ਼ਿਸ਼ਾਂ ਕੇਂਦਰਿਤ ਕਰਨੀਆਂ ਚਾਹੀਦੀਆਂ ਹਨ।
ਇਸ ਸਾਲ ਇਹ ਖਾਸ ਤੌਰ ਤੇ ਜ਼ਰੂਰੀ ਹੈ ਕਿ ਅਸੀਂ ਤੁਹਾਡੇ ਕੋਲੋਂ PAE ਵਿੱਚ ਤੁਹਾਡੇ ਤਜੁਰਬਿਆਂ ਬਾਰੇ ਅਤੇ ਸਾਡੇ ਭਵਿੱਖ ਪ੍ਰਤੀ ਤੁਹਾਡੀਆਂ ਉਮੀਦਾਂ ਅਤੇ ਇੱਛਾਵਾਂ ਨੂੰ ਸੁਣੀਏ। ਅਸੀਂ ਜਾਣਨਾ ਚਾਹੁੰਦੇ ਹਾਂ ਕਿ ਕੀ ਤੁਹਾਨੂੰ ਲੱਗਦਾ ਹੈ ਕਿ ਅਸੀਂ ਸਹੀ ਚੀਜ਼ਾਂ ਉੱਪਰ ਧਿਆਨ ਕੇਂਦਰਿਤ ਕਰ ਰਹੇ ਹਾਂ ਅਤੇ ਕੀ ਕੋਈ ਚੀਜ਼ਾਂ ਹਨ ਜੋ ਕਿ ਸਾਨੂੰ ਕਰਨੀਆਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ, ਜਾਂ ਹੋਰ ਜ਼ਿਆਦਾ ਕਰਨੀਆਂ ਚਾਹੀਦੀਆਂ ਹਨ, ਜਾਂ ਕਰਨੀਆਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ ਜਿਸਦੇ ਨਾਲ ਅਸੀਂ ਆਪਣੇ ਭਾਈਚਾਰੇ ਦੇ ਲੋਕਾਂ ਦੀ ਜ਼ਿੰਦਗੀ ਵਿੱਚ ਸੁਧਾਰ ਲਿਆ ਸਕੀਏ।
ਆਪਣੀ ਗੱਲ ਸਾਮ੍ਹਣੇ ਰੱਖਣ ਦੇ ਲਈ

- www.cityofpae.sa.gov.au/have-your-say ਉੱਪਰ ਜਾਓ
- ਇਹ ਪੋਸਟਕਾਰਡ ਭਰੋ ਅਤੇ ਸਾਨੂੰ ਵਾਪਸ ਭੇਜੋ - ਇਸ ਡਾਕ ਦਾ ਕੋਈ ਖਰਚਾ ਨਹੀਂ ਹੈ
- Consultation@cityofpae.sa.gov.au ਉੱਪਰ ਸਾਨੂੰ ਈਮੇਲ ਭੇਜੋ ਅਤੇ ਈਮੇਲ ਦੇ ਸ਼ੀਰਸ਼ਕ (title) ਵਿੱਚ 'Have your Say' ਲਿਖੋ ਜਵਾਬ (feedback) 15 ਜੂਨ 2020 ਤਕ ਪਹੁੰਚ ਜਾਣਾ ਚਾਹੀਦਾ ਹੈ

**ਤੁਹਾਡੀ ਦਰੁਸਤਗੀ ਸਾਡੀ ਪਹਲ ਹੈ**

ਸਾਡੇ ਸਾਰਿਆਂ ਲਈ ਹੀ ਪਿਛਲੇ ਤਿੰਨ ਮਹੀਨਿਆਂ ਤੋਂ ਬਹੁਤ ਕੁਝ ਬਦਲ ਗਿਆ ਹੈ। ਜਦੋਂ ਦਾ COVID-19 ਆਇਆ ਹੈ, ਅਸੀਂ ਇਹ ਯਕੀਨੀ ਕਰਨ ਲਈ ਕੰਮ ਕਰ ਰਹੇ ਹਾਂ ਕਿ ਸਾਡਾ ਭਾਈਚਾਰਾ ਸੁਰੱਖਿਅਤ ਅਤੇ ਸਿਹਤਮੰਦ ਰਹੇ।

ਅਸੀਂ ਕੂੜਾ ਕਰਕਟ ਚੁੱਕਿਆ ਜਾਣਾ, ਭਾਈਚਾਰਕ ਵਿਕਾਸ ਅਤੇ ਭਾਈਚਾਰਕ ਸੁਰੱਖਿਆ ਸੇਵਾਵਾਂ, ਜਨਤਕ ਸਿਹਤ ਸੇਵਾਵਾਂ ਅਤੇ ਵਾਤਾਵਰਣ ਸੰਭਾਲ ਸੇਵਾਵਾਂ ਜਾਰੀ ਰੱਖੀਆਂ ਹਨ। ਇਸ ਤੋਂ ਇਲਾਵਾ, ਸਾਡੇ ਵੱਲੋਂ ਵਧੇਰੀਆਂ ਔਨਲਾਇਨ ਸੇਵਾਵਾਂ ਅਤੇ ਮੱਦਦ ਵੀ ਉਪਲਬਧ ਹੈ।

ਕੌਂਸਲ ਤੁਹਾਨੂੰ ਦਰੁਸਤ ਰਹਿਣ ਵਿੱਚ ਮੱਦਦ ਕਰਨ ਦੇ ਲਈ ਕੀ ਕਰ ਸਕਦੀ ਹੈ, ਅਸੀਂ ਇਸ ਬਾਰੇ ਤੁਹਾਡੇ ਕੋਲੋਂ ਸੁਣਨਾ ਚਾਹੁੰਦੇ ਹਾਂ।

**ਰੇਟਸ ਵਿੱਚ ਰਾਹਤ**

ਜੇ ਸਿੱਧੇ ਤੌਰ ਤੇ COVID-19 ਦੀ ਵਜਹ ਤੋਂ ਤੁਸੀਂ ਇਸ ਵੇਲੇ ਵਿੱਤੀ ਮੁਸ਼ਕਿਲਾਂ ਦਾ ਸਾਮ੍ਹਣਾ ਕਰ ਰਹੇ ਹੋ, ਤਾਂ ਅਸੀਂ ਤੁਹਾਨੂੰ ਆਪਣਾ ਸਹਿਯੋਗ ਪੇਸ਼ ਕਰਨਾ ਚਾਹੁੰਦੇ ਹਾਂ ਅਤੇ ਰੇਟਸ ਦਾ ਭੁਗਤਾਨ ਕਰਨ ਦੇ ਵਿਕਲਪ ਦੇਣਾ ਚਾਹੁੰਦੇ ਹਾਂ।
https://www.cityofpae.sa.gov.au/council/role-and-function/rates ਉੱਪਰ ਰਜਿਸਟਰ ਕਰੋ

Civic Centre 163 St Vincent St, Port Adelaide
ਟ: 8405 6600
ਵ: www.cityofpae.sa.gov.au
ਈ: service@cityofpae.sa.gov.au